ਤੁਰੰਤ

ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਐਸ.ਸੀ.ਓ.ਨੰ: 49, ਸੈਕਟਰ 17-ਈ, ਚੰਡੀਗੜ੍ਹ।
(ਜਨਰਲ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ
ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ।

ਪੱਤਰ ਨੰ: 13/507/2005/ਜੀ -2/
ਚੰਡੀਗੜ੍ਹ, ਮਿਤੀ:

ਵਿਸ਼ਾ:- ਗਰਾਮ ਪੰਚਾਇਤਾਂ ਵਿਖੇ ਪ੍ਰਬੰਧਕ ਨਿਯੁਕਤ ਕਰਨ ਬਾਰੇ।

====

ਉਪਰੋਕਤ ਵਿਸ਼ੇ ਤੇ ਵਿਭਾਗ ਦੇ ਪੱਤਰ ਨੰ: 22399-22415, ਮਿਤੀ 19-08-2005 ਅਤੇ ਪੱਤਰ ਨੰ: 15/507/2005/ਜੀ-2/27618-34, ਮਿਤੀ 11-10-2005 (ਕਾਪੀ ਨੱਥੀ) ਦੇ ਹਵਾਲੇ ਵਿੱਚ।

2. ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਗਰਾਮ ਪੰਚਾਇਤਾਂ ਵਿਖੇ ਪ੍ਰਬੰਧਕ ਲਗਾਉਣ ਦੇ ਮਾਮਲੇ ਨੂੰ ਬੜੀ ਸਖਤੀ ਨਾਲ ਲਿਆ ਗਿਆ ਹੈ। ਇਸ ਲਈ ਆਪ ਨੂੰ ਲਿਖਿਆ ਗਿਆ ਸੀ ਕਿ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 200 ਅਧੀਨ ਕਾਨੂੰਨ ਦੀ ਸਖਤੀ ਨਾਲ ਪਾਲਣਾ ਕਰਦੇ ਹੋਏ ਹੀ ਪ੍ਰਬੰਧਕ ਦੀ ਨਿਯੁਕਤੀ ਕੀਤੀ ਜਾਵੇ।

3. ਸਰਕਾਰ ਦੇ ਨੋਟਿਸ ਵਿੱਚ ਆਇਆ ਹੈ ਕਿ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ ਅਤੇ ਬਹੁਤ ਸਾਰੇ ਕੇਸਾਂ ਵਿੱਚ ਸਰਪੰਚਾਂ/ਪੰਚਾਂ ਨੂੰ ਮੁਅੱਤਲ ਕਰਕੇ ਦਿਨੋ-ਦਿਨ ਗਰਾਮ ਪੰਚਾਇਤ ਦੇ ਕੰਮਾਂ ਲਈ ਪ੍ਰਬੰਧਕ ਨਿਯੁਕਤ ਕੀਤੇ ਜਾਂਦੇ ਹਨ, ਜੋ ਕਿ ਕਾਨੂੰਨ ਅਨੁਸਾਰ ਸਹੀ ਨਹੀਂ ਹੈ। ਇਥੇ ਵਿਭਾਗ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 200 ਅਧੀਨ ਪ੍ਰਬੰਧਕ ਲਗਾਉਣ ਤੋਂ ਪਹਿਲਾਂ ਸਬੰਧਤ ਸਰਪੰਚ ਨੂੰ ਨੋਟਿਸ ਨਹੀਂ ਦਿੱਤਾ ਜਾਂਦਾ ਹੈ ਅਤੇ ਬਿਨਾਂ ਨੋਟਿਸ ਦਿੱਤੇ ਹੀ ਪ੍ਰਬੰਧਕ ਲਗਾ ਦਿੱਤਾ ਜਾਂਦਾ ਹੈ। ਇਥੇ ਆਪ ਨੂੰ ਇਹ ਦੱਸਣਾ ਯੋਗ ਹੋਵੇਗਾ ਕਿ ਗਰਾਮ ਪੰਚਾਇਤ ਵਿੱਚ ਪ੍ਰਬੰਧਕ ਲਗਾਉਣ ਦੇ ਆਪ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 200 ਅਧੀਨ ਸਮਰੱਥ ਅਧਿਕਾਰੀ ਹੋ ਅਤੇ ਉਪਰੋਕਤ ਧਾਰਾ ਅਧੀਨ ਕੇਵਲ ਆਪ ਵਲੋਂ ਦਿੱਤਾ ਗਿਆ ਨੋਟਿਸ/ਕਾਰਵਾਈ ਮੰਨਣ ਯੋਗ ਹੋਵੇਗੀ। ਇਸੇ ਲਈ ਇਹ ਵੀ ਦੱਸਿਆ ਜਾਂਦਾ ਹੈ ਕਿ ਗਰਾਮ ਪੰਚਾਇਤ ਦਾ ਕੋਰਮ ਪੂਰਾ ਨਾ ਹੋਣ ਦੀ ਸੂਰਤ ਵਿੱਚ ਵੀ ਸਬੰਧਤ ਸਰਪੰਚ ਨੂੰ ਕੰਮ ਕਰਵਾਉਣ ਦਾ ਮਿਤੀ ਬੱਧ ਨੋਟਿਸ ਜਾਰੀ ਕੀਤਾ ਜਾਵੇ ਅਤੇ ਜੇਕਰ ਆਪ ਦੇ ਵਿਚਾਰ ਅਨੁਸਾਰ ਉਹ ਨਿਰਧਾਰਿਤ ਸਮੇਂ ਵਿੱਚ ਕੰਮ ਨਹੀਂ ਕਰਵਾ ਸਕਿਆ ਜਾਂ ਸਕਿਆ ਤਾਂ ਕੇਵਲ ਉਨ੍ਹਾਂ ਹਾਲਤਾਂ ਵਿੱਚ ਨਿੱਜੀ ਸੁਣਵਾਈ ਦਾ ਮੌਕਾ ਦੇ ਕੇ ਧਾਰਾ 200 ਅਧੀਨ ਸ਼ਰਤਾਂ ਦੀ ਪਾਲਣਾ ਕਰਦੇ ਹੋਏ ਪ੍ਰਬੰਧਕ ਦੀ ਨਿਯੁਕਤੀ ਕੀਤੀ ਜਾਵੇ। ਇਸ ਤੋਂ ਇਲਾਵਾ ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦੇ ਵਿਰੁੱਧ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਉਸ ਨੂੰ ਨਿੱਜੀ ਸੁਣਵਾਈ ਦਾ ਮੌਕਾ ਜਰੂਰ ਦਿੱਤਾ ਜਾਵੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਾ ਹੋਣ ਦੀ ਸੂਰਤ ਵਿੱਚ ਅਣਗਹਿਲੀ ਕਰਨ ਲਈ ਆਪ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇਗੀ।

ਸਹੀ/-
ਵਧੀਕ ਵਿੱਤੀ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਪਿੱਠ ਅੰਕਣ ਨੰ: 15/507/2005/ਜੀ-2/ 13860-13901 ਚੰਡੀਗੜ੍ਹ, ਮਿਤੀ:

ਉਪਰੋਕਤ ਦੀ ਇਕ ਨਕਲ ਰਾਜ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਵਧੀਕ ਵਿੱਤੀ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

Govt. of Punjab

Department of Rural Development and Panchayats

19.8.2005 No. 22399- 22415

From : Sarvjit Singh, IAS
Special Secretary & Director, Rural Development and Panchayats, Punjab.

To : All DDPOs

Subject : Appointment of administrators and utilization of funds in Panchayts

It has been observed that many a time the procedure provided in the Punjab Panchayati Raj Act 1994 is not followed in letter and spirit while appointing administrators in Panchayats. This is violative of the principal of natural justice and consequently leads to litigation and harassment of the elected representatives.

2. Also it may be noted that the development grants are to be utilized by the Panchayats for works upto Rs.10 lac as per the latest notification on the subject matter. The development works may not be executed through any other body but the Panchayats, as far possible except the cases of sports Clubs and a few other cases such as those of Village Education Development Committees, recognised by the Govt.

It may [illegible]